# ਜੰਤਰੀ: ਨਾਨਕਸ਼ਾਹੀ ਸੰਮਤ ੫੫੮

(ਸੰਨ 2026-27)



ਭਗਤ ਰਵਿਦਾਸ ਸਾਹਿਬ ਜੀ ਦੇ ੬੫੦ ਸਾਲਾ ਜਨਮ ਦਿਹਾੜੇ, ਸ੍ਰੀ ਕੀਰਤਪੁਰ ਸਾਹਿਬ ਦੇ ੪੦੦ ਸਾਲਾ ਸਥਾਪਨਾ ਦਿਵਸ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ੪੫੦ ਸਾਲਾ ਸਥਾਪਨਾ ਦਿਵਸ ਨੂੰ ਸਮਰਪਿਤ

ਪ੍ਰਕਾਸ਼ਕ : ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

## ਬਾਰਹ ਮਾਹਾ ਮਾਂਝ

**ਚੇਤਿ** ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨॥

## ਬਾਰਹ ਮਾਹਾ ਤੁਖਾਰੀ

**ਚੇਤੁ** ਬਸੰਤੁ ਭਲਾ ਭਵਰ ਸੁਹਾਵੜੇ॥ ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥ ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥ ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥ ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥ ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥੫॥

# ਮਾਰਚ-ਅਪ੍ਰੈਲ 2026

## ਚੇਤ

ਸੰਗਰਾਂਦ – ੦੧ ਚੇਤ / 14 ਮਾਰਚ
ਮੱਸਿਆ – ੦੬ ਚੇਤ / 19 ਮਾਰਚ
ਪੂਰਨਮਾਸੀ – ੨੦ ਚੇਤ / 02 ਅਪ੍ਰੈਲ

| | | | | | |
|---|---|---|---|---|---|
| ਐਤਵਾਰ Sunday | **੩੦** 12 ਅਪ੍ਰੈਲ ਵੈਸਾਖ ਵਦੀ ੧੦ | **੨** 15 ਮਾਰਚ ਚੇਤ ਵਦੀ ੧੧ | **੯** 22 ਮਾਰਚ ਚੇਤ ਸੁਦੀ ੪ | **੧੬** 29 ਮਾਰਚ ਚੇਤ ਸੁਦੀ ੧੧ | **੨੩** 5 ਅਪ੍ਰੈਲ ਵੈਸਾਖ ਵਦੀ ੩ |
| ਸੋਮਵਾਰ Monday | **੩੧** 13 ਅਪ੍ਰੈਲ ਵੈਸਾਖ ਵਦੀ ੧੧ | **੩** 16 ਮਾਰਚ ਚੇਤ ਵਦੀ ੧੨ | **੧੦** 23 ਮਾਰਚ ਚੇਤ ਸੁਦੀ ੫ | **੧੭** 30 ਮਾਰਚ ਚੇਤ ਸੁਦੀ ੧੨ | **੨੪** 6 ਅਪ੍ਰੈਲ ਵੈਸਾਖ ਵਦੀ ੪ |
| ਮੰਗਲਵਾਰ Tuesday | | **੪** 17 ਮਾਰਚ ਚੇਤ ਵਦੀ ੧੩ | **੧੧** 24 ਮਾਰਚ ਚੇਤ ਸੁਦੀ ੬ | **੧੮** 31 ਮਾਰਚ ਚੇਤ ਸੁਦੀ ੧੩ | **੨੫** 7 ਅਪ੍ਰੈਲ ਵੈਸਾਖ ਵਦੀ ੫ |
| ਬੁੱਧਵਾਰ Wednesday | | **੫** 18 ਮਾਰਚ ਚੇਤ ਵਦੀ ੧੪ | **੧੨** 25 ਮਾਰਚ ਚੇਤ ਸੁਦੀ ੭ | **੧੯** 1 ਅਪ੍ਰੈਲ ਚੇਤ ਸੁਦੀ ੧੪ | **੨੬** 8 ਅਪ੍ਰੈਲ ਵੈਸਾਖ ਵਦੀ ੬ |
| ਵੀਰਵਾਰ Thursday | | **੬** 19 ਮਾਰਚ ਮੱਸਿਆ, ਚੇਤ ਸੁਦੀ ੧ | **੧੩** 26 ਮਾਰਚ ਚੇਤ ਸੁਦੀ ੮ | **੨੦** 2 ਅਪ੍ਰੈਲ ਚੇਤ ਸੁਦੀ ੧੫ ਪੂਰਨਮਾਸੀ | **੨੭** 9 ਅਪ੍ਰੈਲ ਵੈਸਾਖ ਵਦੀ ੭ |
| ਸ਼ੁੱਕਰਵਾਰ Friday | | **੭** ੨੦ ਮਾਰਚ ਚੇਤ ਸੁਦੀ ੨ | **੧੪** ੨੭ ਮਾਰਚ ਚੇਤ ਸੁਦੀ ੯ | **੨੧** ੩ ਅਪ੍ਰੈਲ ਵੈਸਾਖ ਵਦੀ ੧ | **੨੮** ੧੦ ਅਪ੍ਰੈਲ ਵੈਸਾਖ ਵਦੀ ੮ |
| ਸ਼ਨਿੱਚਰਵਾਰ Saturday | **੧** 14 ਮਾਰਚ ਚੇਤ ਵਦੀ ੧੦ | **੮** 21 ਮਾਰਚ ਚੇਤ ਸੁਦੀ ੩ | **੧੫** 28 ਮਾਰਚ ਚੇਤ ਸੁਦੀ ੧੦ | **੨੨** 4 ਅਪ੍ਰੈਲ ਵੈਸਾਖ ਵਦੀ ੨ | **੨੯** 11 ਅਪ੍ਰੈਲ ਵੈਸਾਖ ਵਦੀ ੯ |

## ਗੁਰਪੁਰਬ

| | |
|---|---|
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੦੪ ਚੇਤ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੦੬ ਚੇਤ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੦੯ ਚੇਤ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ | ੧੦ ਚੇਤ |
| ਗੁਰਿਆਈ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੧੯ ਚੇਤ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੧੯ ਚੇਤ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੨੫ ਚੇਤ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੨੭ ਚੇਤ |

## ਇਤਿਹਾਸਕ ਦਿਹਾੜੇ

| | |
|---|---|
| ਅਰੰਭਤਾ ਸੰਮਤ ਨਾਨਕਸ਼ਾਹੀ ੫੫੮ | ੦੧ ਚੇਤ |
| ਸ਼ਹੀਦੀ ਦਿਹਾੜਾ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ | ੦੧ ਚੇਤ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫ਼ਤਿਹ | ੦੨ ਚੇਤ |
| ਸ਼ਹੀਦੀ ਦਿਹਾੜਾ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ਼ ਸਿੰਘ | ੧੨ ਚੇਤ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ | ੨੭ ਚੇਤ |
| ਸਿੱਖ ਦਸਤਾਰ ਦਿਵਸ | ੩੧ ਚੇਤ |

## ਸਰਕਾਰੀ ਛੁੱਟੀਆਂ ਤੇ ਹੋਰ ਦਿਹਾੜੇ

| | |
|---|---|
| ਸ਼ਹੀਦੀ ਦਿਹਾੜਾ ਸ. ਭਗਤ ਸਿੰਘ | ੧੦ ਚੇਤ |

## grmq zwn (mwisk piZkw)

ihNdl Bw^wIX @wZo s sbiDwq is#K v gr is#K pwTko kl jordwr mwg pr Dwm pcwr kmtl kl Aor s grmq zwn mwisk piZkw pkwiSwq kl jw rhl h, ijsm grmiq ivcwrDwrw, is#K eiqhws qQw AwDwink smáXwAo k grmiq ivcwrDwrw k Answr smwDwn pr iváqq jwnkwrl dl jwql h[ Awp SwIG hl mnlAwfr Xw bk-fwÏt awrw sicv, Dwm pcwr kmtl (iSw: g: p: kmtl), %ol Amqsr-143006 k nwm Bjkr lwB aTwE[

| | |
|---|---|
| vwi†wk cdw (dSw) | 10 {pX |
| Awjlvn (dSw) | 100 {pX |
| vwi†wk cdw (ivdSw) | 250 {pX |

## ਬਾਰਹ ਮਾਹਾ ਮਾਂਝ

**ਵੈਸਾਖਿ** ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥

## ਬਾਰਹ ਮਾਹਾ ਤੁਖਾਰੀ

**ਵੈਸਾਖੁ** ਭਲਾ ਸਾਖਾ ਵੇਸ ਕਰੇ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥ ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ॥ ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ॥ ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ॥ ਨਾਨਕ ਵੈਸਾਖੀਂ ਪ੍ਰਭੁ ਪਾਵੈ ਸੁਰਤਿ ਸਬਦਿ ਮਨੁ ਮਾਨਾ॥੬॥

# ਅਪ੍ਰੈਲ-ਮਈ 2026

## ਵੈਸਾਖ

ਸੰਗਰਾਂਦ – ੦੧ ਵੈਸਾਖ / 14 ਅਪ੍ਰੈਲ
ਮੱਸਿਆ – ੦੪ ਵੈਸਾਖ / 17 ਅਪ੍ਰੈਲ
ਪੂਰਨਮਾਸੀ – ੧੯ ਵੈਸਾਖ / 01 ਮਈ

| | | | | | |
|---|---|---|---|---|---|
| ਐਤਵਾਰ<br>Sunday | | ੬<br>19 ਅਪ੍ਰੈਲ<br>ਵੈਸਾਖ ਸੁਦੀ ੨ | ੧੩<br>26 ਅਪ੍ਰੈਲ<br>ਵੈਸਾਖ ਸੁਦੀ ੧੦ | ੨੦<br>3 ਮਈ<br>ਜੇਠ ਵਦੀ ੨ | ੨੭<br>10 ਮਈ<br>ਜੇਠ ਵਦੀ ੮ |
| ਸੋਮਵਾਰ<br>Monday | | ੭<br>20 ਅਪ੍ਰੈਲ<br>ਵੈਸਾਖ ਸੁਦੀ ੩-੪ | ੧੪<br>27 ਅਪ੍ਰੈਲ<br>ਵੈਸਾਖ ਸੁਦੀ ੧੧ | ੨੧<br>4 ਮਈ<br>ਜੇਠ ਵਦੀ ੩ | ੨੮<br>11 ਮਈ<br>ਜੇਠ ਵਦੀ ੯ |
| ਮੰਗਲਵਾਰ<br>Tuesday | ੧<br>14 ਅਪ੍ਰੈਲ<br>ਵੈਸਾਖ ਵਦੀ ੧੨ | ੮<br>21 ਅਪ੍ਰੈਲ<br>ਵੈਸਾਖ ਸੁਦੀ ੫ | ੧੫<br>28 ਅਪ੍ਰੈਲ<br>ਵੈਸਾਖ ਸੁਦੀ ੧੨ | ੨੨<br>5 ਮਈ<br>ਜੇਠ ਵਦੀ ੪ | ੨੯<br>12 ਮਈ<br>ਜੇਠ ਵਦੀ ੧੦ |
| ਬੁੱਧਵਾਰ<br>Wednesday | ੨<br>15 ਅਪ੍ਰੈਲ<br>ਵੈਸਾਖ ਵਦੀ ੧੩ | ੯<br>22 ਅਪ੍ਰੈਲ<br>ਵੈਸਾਖ ਸੁਦੀ ੬ | ੧੬<br>29 ਅਪ੍ਰੈਲ<br>ਵੈਸਾਖ ਸੁਦੀ ੧੩ | ੨੩<br>6 ਮਈ<br>ਜੇਠ ਵਦੀ ੪ | ੩੦<br>13 ਮਈ<br>ਜੇਠ ਵਦੀ ੧੧ |
| ਵੀਰਵਾਰ<br>Thursday | ੩<br>16 ਅਪ੍ਰੈਲ<br>ਵੈਸਾਖ ਵਦੀ ੧੪ | ੧੦<br>23 ਅਪ੍ਰੈਲ<br>ਵੈਸਾਖ ਸੁਦੀ ੭ | ੧੭<br>30 ਅਪ੍ਰੈਲ<br>ਵੈਸਾਖ ਸੁਦੀ ੧੪ | ੨੪<br>7 ਮਈ<br>ਜੇਠ ਵਦੀ ੫ | ੩੧<br>14 ਮਈ<br>ਜੇਠ ਵਦੀ ੧੨ |
| ਸ਼ੁੱਕਰਵਾਰ<br>Friday | ੪<br>17 ਅਪ੍ਰੈਲ<br>ਵੈਸਾਖ ਵਦੀ ੧੫<br>ਮੱਸਿਆ | ੧੧<br>24 ਅਪ੍ਰੈਲ<br>ਵੈਸਾਖ ਸੁਦੀ ੮ | ੧੮<br>1 ਮਈ<br>ਵੈਸਾਖ ਸੁਦੀ ੧੫<br>ਪੂਰਨਮਾਸੀ | ੨੫<br>8 ਮਈ<br>ਜੇਠ ਵਦੀ ੬ | |
| ਸ਼ਨਿੱਚਰਵਾਰ<br>Saturday | ੫<br>18 ਅਪ੍ਰੈਲ<br>ਵੈਸਾਖ ਸੁਦੀ ੧ | ੧੨<br>25 ਅਪ੍ਰੈਲ<br>ਵੈਸਾਖ ਸੁਦੀ ੯ | ੧੯<br>2 ਮਈ<br>ਜੇਠ ਵਦੀ ੧ | ੨੬<br>9 ਮਈ<br>ਜੇਠ ਵਦੀ ੭ | |

## ਗੁਰਪੁਰਬ

| | | |
|---|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ | ੦੫ | ਵੈਸਾਖ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੧੭ | ਵੈਸਾਖ |

## ਇਤਿਹਾਸਕ ਦਿਹਾੜੇ

| | | |
|---|---|---|
| ਖਾਲਸਾ ਸਾਜਣਾ ਦਿਵਸ (ਵੈਸਾਖੀ) | ੦੧ | ਵੈਸਾਖ |
| ਸ਼ਹੀਦੀ ਦਿਹਾੜਾ ਸ. ਹਰੀ ਸਿੰਘ ਜੀ ਨਲੂਆ | ੧੭ | ਵੈਸਾਖ |
| ਸ੍ਰੀ ਕੀਰਤਪੁਰ ਸਾਹਿਬ ਦਾ ਸਥਾਪਨਾ ਦਿਵਸ (੪੦੦ ਸਾਲਾ) | ੧੮ | ਵੈਸਾਖ |
| ਸ਼ਹੀਦੀ ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ | ੨੧ | ਵੈਸਾਖ |
| ਜਨਮ ਦਿਹਾੜਾ ਸ. ਜੱਸਾ ਸਿੰਘ ਜੀ ਰਾਮਗੜ੍ਹੀਆ | ੨੨ | ਵੈਸਾਖ |
| ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫ਼ਤਿਹ ਦਿਵਸ | ੨੯ | ਵੈਸਾਖ |

## ਭਗਤ ਸਾਹਿਬਾਨ

| | | |
|---|---|---|
| ਜਨਮ ਦਿਹਾੜਾ ਭਗਤ ਧੰਨਾ ਜੀ | ੦੮ | ਵੈਸਾਖ |

## ਗੁਰਮਤਿ ਪ੍ਰਕਾਸ਼

ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਦਾ ਮਾਸਿਕ ਪੱਤਰ ਹੈ, ਜਿਸ ਵਿਚ ਉੱਚ-ਕੋਟੀ ਦੇ ਵਿਦਵਾਨਾਂ, ਇਤਿਹਾਸਕਾਰਾਂ ਤੇ ਖੋਜੀਆਂ ਦੀਆਂ ਨਿਰੋਲ ਧਾਰਮਿਕ ਅਤੇ ਗੁਰਮਤਿ ਸਬੰਧੀ ਰਚਨਾਤਮਕ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਜਿੱਥੇ ਇਹ ਪਰਚਾ ਸਿੱਖ ਸਾਹਿਤ, ਸਿੱਖ ਧਰਮ, ਸਿੱਖ ਇਤਿਹਾਸ ਦੀ ਅਨਮੋਲ ਜਾਣਕਾਰੀ ਦਾ ਖ਼ਜ਼ਾਨਾ ਹੈ, ਉੱਥੇ ਇਹ ਗੁਰਮਤਿ ਸਿਧਾਂਤਾਂ ਦਾ ਸ਼ੁੱਧ ਖ਼ਾਲਸਾਈ ਵਿਵੇਚਨ ਕਰ ਕੇ ਗੁਰਮਤਿ ਗਾਡੀ ਮਾਰਗ 'ਤੇ ਚੱਲਣ ਦੀ ਹਰ ਪ੍ਰਾਣੀ ਨੂੰ ਸਫ਼ਲ ਪ੍ਰੇਰਨਾ ਦਿੰਦਾ ਹੈ। ਅੱਜਕਲ੍ਹ ਇਸ ਦੀ ਛਪਣ ਗਿਣਤੀ 70,000 ਤੋਂ ਵੱਧ ਹੈ। ਅਸੀਂ ਚਾਹੁੰਦੇ ਹਾਂ ਕਿ ਆਪ ਜੀ ਖੁਦ ਵੀ ਮੈਂਬਰ ਬਣੋ ਤੇ ਹੋਰ ਆਪਣੇ ਸੱਜਣਾਂ-ਮਿੱਤਰਾਂ ਤੇ ਸਨੇਹੀਆਂ ਨੂੰ ਪੁਰਜ਼ੋਰ ਪ੍ਰੇਰਨਾ ਕਰੋ ਕਿ ਉਹ ਆਪ ਵੀ ਮੈਂਬਰ ਬਣਨ ਤੇ ਹੋਰ ਵੀ ਮੈਂਬਰ ਬਣਾਉਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਇਹ ਪਰਚਾ ਹਰ ਪਰਵਾਰ ਵਿਚ ਪਹੁੰਚੇ ਅਤੇ ਗੁਰਮਤਿ ਦਾ ਪ੍ਰਚਾਰ-ਪ੍ਰਸਾਰ ਹੋ ਸਕੇ। ਪ੍ਰਚਾਰ ਨੂੰ ਮੁੱਖ ਰੱਖਦਿਆਂ ਇਸ ਪਰਚੇ ਦਾ ਚੰਦਾ ਲਾਗਤ ਤੋਂ ਬਹੁਤ ਹੀ ਘੱਟ ਰੱਖਿਆ ਗਿਆ ਹੈ, ਚੰਦੇ ਦੀ ਮਾਇਆ ਅਤੇ ਪਾਠਕਾਂ ਦੇ ਐਡਰੈਸ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਦੇ ਪਤੇ 'ਤੇ ਭੇਜਣ ਦੀ ਕ੍ਰਿਪਾਲਤਾ ਕਰਨੀ।

### ਚੰਦਾ

| | | | |
|---|---|---|---|
| ਸਾਲਾਨਾ ਦੇਸ਼ | 50 ਰੁਪਏ, | ਵਿਦੇਸ਼ | 1250 ਰੁਪਏ |
| ਪੰਜ ਸਾਲਾ ਦੇਸ਼ | 250 ਰੁਪਏ, | ਵਿਦੇਸ਼ | 5000 ਰੁਪਏ |
| ਲਾਈਫ ਦੇਸ਼ | 500 ਰੁਪਏ, | ਵਿਦੇਸ਼ | 10,000 ਰੁਪਏ |

## ਬਾਰਹ ਮਾਹਾ ਮਾਂਝ

**ਹਰਿ ਜੇਠਿ** ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥ ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥੪॥

## ਬਾਰਹ ਮਾਹਾ ਤੁਖਾਰੀ

**ਮਾਹੁ ਜੇਠੁ** ਭਲਾ ਪ੍ਰੀਤਮੁ ਕਿਉ ਬਿਸਰੈ॥ ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥ ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ॥ ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ॥ ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥ ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ॥੭॥

# ਮਈ-ਜੂਨ 2026

## ਜੇਠ

ਸੰਗਰਾਂਦ – ੦੧ ਜੇਠ / 15 ਮਈ
ਮੱਸਿਆ – ੦੨ ਜੇਠ / 16 ਮਈ
ਪੂਰਨਮਾਸੀ – ੧੭ ਜੇਠ / 31 ਮਈ

| | | | | | |
|---|---|---|---|---|---|
| ਐਤਵਾਰ Sunday | ੩੧ 14 ਜੂਨ ਵਾ:ਜੇਠ ਵਦੀ ੧੪ | ੩ 17 ਮਈ ਵਾ:ਜੇਠ ਸੁਦੀ ੧ | ੧੦ 24 ਮਈ ਵਾ:ਜੇਠ ਸੁਦੀ ੯ | ੧੭ 31 ਮਈ ਵਾ:ਜੇਠ ਸੁਦੀ ੧੫ ਪੂਰਨਮਾਸੀ | ੨੪ 7 ਜੂਨ ਵਾ:ਜੇਠ ਵਦੀ ੭ |
| ਸੋਮਵਾਰ Monday | | ੪ 18 ਮਈ ਵਾ:ਜੇਠ ਸੁਦੀ ੨ | ੧੧ 25 ਮਈ ਵਾ:ਜੇਠ ਸੁਦੀ ੧੦ | ੧੮ 1 ਜੂਨ ਵਾ:ਜੇਠ ਵਦੀ ੧ | ੨੫ 8 ਜੂਨ ਵਾ:ਜੇਠ ਵਦੀ ੮ |
| ਮੰਗਲਵਾਰ Tuesday | | ੫ 19 ਮਈ ਵਾ:ਜੇਠ ਸੁਦੀ ੩ | ੧੨ 26 ਮਈ ਵਾ:ਜੇਠ ਸੁਦੀ ੧੧ | ੧੯ 2 ਜੂਨ ਵਾ:ਜੇਠ ਵਦੀ ੨ | ੨੬ 9 ਜੂਨ ਵਾ:ਜੇਠ ਵਦੀ ੯ |
| ਬੁੱਧਵਾਰ Wednesday | | ੬ 20 ਮਈ ਵਾ:ਜੇਠ ਸੁਦੀ ੪ | ੧੩ 27 ਮਈ ਵਾ:ਜੇਠ ਸੁਦੀ ੧੧ | ੨੦ 3 ਜੂਨ ਵਾ:ਜੇਠ ਵਦੀ ੩ | ੨੭ 10 ਜੂਨ ਵਾ:ਜੇਠ ਵਦੀ ੧੦ |
| ਵੀਰਵਾਰ Thursday | | ੭ 21 ਮਈ ਵਾ:ਜੇਠ ਸੁਦੀ ੫ | ੧੪ 28 ਮਈ ਵਾ:ਜੇਠ ਸੁਦੀ ੧੨ | ੨੧ 4 ਜੂਨ ਵਾ:ਜੇਠ ਵਦੀ ੪ | ੨੮ 11 ਜੂਨ ਵਾ:ਜੇਠ ਵਦੀ ੧੧ |
| ਸ਼ੁੱਕਰਵਾਰ Friday | ੧ 15 ਮਈ ਜੇਠ ਵਦੀ ੧੩-੧੪ | ੮ 22 ਮਈ ਵਾ:ਜੇਠ ਸੁਦੀ ੬-੭ | ੧੫ 29 ਮਈ ਵਾ:ਜੇਠ ਸੁਦੀ ੧੩ | ੨੨ 5 ਜੂਨ ਵਾ:ਜੇਠ ਵਦੀ ੫ | ੨੯ 12 ਜੂਨ ਵਾ:ਜੇਠ ਵਦੀ ੧੨ |
| ਸ਼ਨਿੱਚਰਵਾਰ Saturday | ੨ 16 ਮਈ ਜੇਠ ਵਦੀ ੧੫ ਮੱਸਿਆ | ੯ 23 ਮਈ ਵਾ:ਜੇਠ ਸੁਦੀ ੮ | ੧੬ 30 ਮਈ ਵਾ:ਜੇਠ ਸੁਦੀ ੧੪ | ੨੩ 6 ਜੂਨ ਵਾ:ਜੇਠ ਵਦੀ ੬ | ੩੦ 13 ਜੂਨ ਵਾ:ਜੇਠ ਵਦੀ ੧੩ |

## ਗੁਰਪੁਰਬ

ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — ੨੫ ਜੇਠ

## ਇਤਿਹਾਸਕ ਦਿਹਾੜੇ

ਛੋਟਾ ਘੱਲੂਘਾਰਾ ਕਾਹਨੂੰਵਾਨ (ਗੁਰਦਾਸਪੁਰ) — ੦੩ ਜੇਠ
ਜਨਮ ਦਿਹਾੜਾ ਸ. ਜੱਸਾ ਸਿੰਘ ਆਹਲੂਵਾਲੀਆ — ੦੫ ਜੇਠ
ਸ਼ਹੀਦੀ ਸਾਕਾ ਪਾਉਂਟਾ ਸਾਹਿਬ — ੦੯ ਜੇਠ
ਜਨਮ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ — ੧੯ ਜੇਠ
ਘੱਲੂਘਾਰਾ ਸ੍ਰੀ ਅਕਾਲ ਤਖ਼ਤ ਸਾਹਿਬ (੧੯੮੪) — ੨੧ ਜੇਠ
ਸ਼ਹੀਦੀ ਦਿਹਾੜਾ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਤੇ ਭਾਈ ਅਮਰੀਕ ਸਿੰਘ ਜੀ — ੨੩ ਜੇਠ

## ਗੁਰਦੁਆਰਾ ਗਜ਼ਟ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਗੁਰਦੁਆਰਾ ਗਜ਼ਟ ਮਾਸਿਕ ਪਰਚੇ ਵਿਚ ਧਾਰਮਿਕ ਲੇਖ, ਗੁਰਦੁਆਰਾ ਪ੍ਰਬੰਧ ਸਬੰਧੀ ਕੀਤੇ ਜਾਂਦੇ ਯਤਨ, ਮਹੀਨੇ ਭਰ ਦੇ ਸਿੱਖ ਇਤਿਹਾਸ ਨਾਲ ਸੰਬੰਧਿਤ ਤਾਰੀਖ਼-ਵਾਰ ਦਿਹਾੜੇ, ਰਹੁ-ਰੀਤ ਅਤੇ ਆਮਦਨ-ਖਰਚ ਆਦਿ ਦੇ ਮਾਸਿਕ ਚਿੱਠੇ ਪ੍ਰਕਾਸ਼ਿਤ ਕੀਤੇ ਜਾਂਦੇ ਹਨ। ਇਹ ਪਰਚਾ ਬਹੁਤ ਹੀ ਸੁੰਦਰ ਗਲੇਜ਼ਡ ਪੇਪਰ 'ਤੇ ਰੰਗਦਾਰ ਤਸਵੀਰਾਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਰਗਰਮੀਆਂ ਨੂੰ ਪਾਠਕਾਂ ਤੱਕ ਪਹੁੰਚਾਉਂਦਾ ਹੈ। ਇਸ ਦੀ ਛਪਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਆਪਣੀ ਗੋਲਡਨ ਆਫਸੈੱਟ ਪ੍ਰੈਸ ਰਾਹੀਂ ਕੀਤੀ ਜਾਂਦੀ ਹੈ। ਚੰਦਾ ਮਨੀ-ਆਰਡਰ, ਬੈਂਕ-ਡ੍ਰਾਫਟ ਰਾਹੀਂ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪਤੇ 'ਤੇ ਭੇਜਿਆ ਜਾ ਸਕਦਾ ਹੈ।

### ਚੰਦਾ

ਸਾਲਾਨਾ ਚੰਦਾ ਦੇਸ਼ : 20 ਰੁਪਏ
ਲਾਈਫ ਮੈਂਬਰਸ਼ਿਪ ਦੇਸ਼ : 200 ਰੁਪਏ
ਸਾਲਾਨਾ ਚੰਦਾ ਵਿਦੇਸ਼ (ਹਵਾਈ ਡਾਕ) : 500 ਰੁਪਏ

## ਬਾਰਹ ਮਾਹਾ ਮਾਂਝ

**ਆਸਾੜੁ** ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥੫॥

## ਬਾਰਹ ਮਾਹਾ ਤੁਖਾਰੀ

**ਆਸਾੜੁ** ਭਲਾ ਸੂਰਜੁ ਗਗਨਿ ਤਪੈ॥ ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥ ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥ ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥ ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥ ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥੮॥

# ਜੂਨ-ਜੁਲਾਈ 2026

## ਹਾੜ

ਸੰਗਰਾਂਦ – ੦੧ ਹਾੜ / 15 ਜੂਨ

ਮੱਸਿਆ–੦੧ ਹਾੜ/ 15 ਜੂਨ; ੩੦ ਹਾੜ/ 14 ਜੁਲਾਈ

ਪੂਰਨਮਾਸੀ – ੧੫ ਹਾੜ / 29 ਜੂਨ

| | | | | | |
|---|---|---|---|---|---|
| ਐਤਵਾਰ Sunday | | ੭ 21 ਜੂਨ ਜੇਠ ਸੁਦੀ ੭ | ੧੪ 28 ਜੂਨ ਜੇਠ ਸੁਦੀ ੧੪ | ੨੧ 5 ਜੁਲਾਈ ਹਾੜ ਵਦੀ ੫ | ੨੮ 12 ਜੁਲਾਈ ਹਾੜ ਵਦੀ ੧੩ |
| ਸੋਮਵਾਰ Monday | ੧ 15 ਜੂਨ ਵਾ:ਜੇਠ ਵਦੀ ੧੫ ਮੱਸਿਆ ਜੇਠ ਸੁਦੀ ੧ | ੮ 22 ਜੂਨ ਜੇਠ ਸੁਦੀ ੮ | ੧੫ 29 ਜੂਨ ਜੇਠ ਸੁਦੀ ੧੫ ਪੂਰਨਮਾਸੀ | ੨੨ 6 ਜੁਲਾਈ ਹਾੜ ਵਦੀ ੬ | ੨੯ 13 ਜੁਲਾਈ ਹਾੜ ਵਦੀ ੧੪ |
| ਮੰਗਲਵਾਰ Tuesday | ੨ 16 ਜੂਨ ਜੇਠ ਸੁਦੀ ੨ | ੯ 23 ਜੂਨ ਜੇਠ ਸੁਦੀ ੯ | ੧੬ 30 ਜੂਨ ਹਾੜ ਵਦੀ ੧ | ੨੩ 7 ਜੁਲਾਈ ਹਾੜ ਵਦੀ ੭ | ੩੦ 14 ਜੁਲਾਈ ਹਾੜ ਵਦੀ ੧੫ ਮੱਸਿਆ |
| ਬੁੱਧਵਾਰ Wednesday | ੩ 17 ਜੂਨ ਜੇਠ ਸੁਦੀ ੩ | ੧੦ 24 ਜੂਨ ਜੇਠ ਸੁਦੀ ੧੦ | ੧੭ 1 ਜੁਲਾਈ ਹਾੜ ਵਦੀ ੧ | ੨੪ 8 ਜੁਲਾਈ ਹਾੜ ਵਦੀ ੮ | ੩੧ 15 ਜੁਲਾਈ ਹਾੜ ਸੁਦੀ ੧ |
| ਵੀਰਵਾਰ Thursday | ੪ 18 ਜੂਨ ਜੇਠ ਸੁਦੀ ੪ | ੧੧ 25 ਜੂਨ ਜੇਠ ਸੁਦੀ ੧੧ | ੧੮ 2 ਜੁਲਾਈ ਹਾੜ ਵਦੀ ੨ | ੨੫ 9 ਜੁਲਾਈ ਹਾੜ ਵਦੀ ੯ | |
| ਸ਼ੁੱਕਰਵਾਰ Friday | ੫ 19 ਜੂਨ ਜੇਠ ਸੁਦੀ ੫ | ੧੨ 26 ਜੂਨ ਜੇਠ ਸੁਦੀ ੧੨ | ੧੯ 3 ਜੁਲਾਈ ਹਾਵ ਵਦੀ ੩ | ੨੬ 10 ਜੁਲਾਈ ਹਾੜ ਵਦੀ ੧੦-੧੧ | |
| ਸ਼ਨਿੱਚਰਵਾਰ Saturday | ੬ 20 ਜੂਨ ਜੇਠ ਸੁਦੀ ੬ | ੧੩ 27 ਜੂਨ ਜੇਠ ਸੁਦੀ ੧੩ | ੨੦ 4 ਜੁਲਾਈ ਹਾੜ ਵਦੀ ੪ | ੨੭ 11 ਜੁਲਾਈ ਹਾੜ ਵਦੀ ੧੨ | |

## ਗੁਰਪੁਰਬ

ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ — ੦੪ ਹਾੜ

ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — ੧੬ ਹਾੜ

## ਇਤਿਹਾਸਕ ਦਿਹਾੜੇ

ਸ਼ਹੀਦੀ ਦਿਹਾੜਾ ਬਾਬਾ ਬੰਦਾ ਸਿੰਘ ਜੀ ਬਹਾਦਰ — ੧੧ ਹਾੜ

ਬਰਸੀ ਮਹਾਰਾਜਾ ਰਣਜੀਤ ਸਿੰਘ ਜੀ — ੧੫ ਹਾੜ

ਜੋੜ-ਮੇਲਾ ਗੁਰਦੁਆਰਾ ਸ੍ਰੀ ਰੀਠਾ ਸਾਹਿਬ — ੧੫ ਹਾੜ

ਸਿਰਜਣਾ ਦਿਵਸ ਸ੍ਰੀ ਅਕਾਲ ਤਖ਼ਤ ਸਾਹਿਬ — ੨੧ ਹਾੜ

ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ — ੨੫ ਹਾੜ

## ਭਗਤ ਸਾਹਿਬਾਨ

ਜਨਮ ਦਿਹਾੜਾ ਭਗਤ ਕਬੀਰ ਜੀ — ੧੫ ਹਾੜ

## ਧਾਰਮਿਕ ਪ੍ਰੀਖਿਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਕੋਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫੇ ਦਿੱਤੇ ਜਾਂਦੇ ਹਨ। ਇਹ ਪ੍ਰੀਖਿਆ ਹਰ ਸਾਲ ਫਰਵਰੀ ਵਿਚ ਹੁੰਦੀ ਹੈ। ਇਸ ਪ੍ਰੀਖਿਆ ਵਿਚ ਸ਼ਾਮਲ ਹੋਣ ਦੇ ਚਾਹਵਾਨ ਸਕੂਲ/ਕਾਲਜ ਦੇ ਵਿਦਿਆਰਥੀ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਨੂੰ ਲਿਖਣ ਜਾਂ 0183-2553956, ਐਕਸ:305 'ਤੇ ਸੰਪਰਕ ਕਰਨ।

## ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ 16 ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖ਼ਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ **www.sgpc.net** ਤੋਂ ਲਈ ਜਾ ਸਕਦੀ ਹੈ ਜਾਂ 0183-2553956, ਐਕਸ:305 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬਾਰਹ ਮਾਹਾ ਮਾਂਝ

**ਸਾਵਣਿ** ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥ ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥ ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥ ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥ ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥ ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥ ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥ ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥ ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥

## ਬਾਰਹ ਮਾਹਾ ਤੁਖਾਰੀ

**ਸਾਵਣਿ** ਸਰਸ ਮਨਾ ਘਣ ਵਰਸਹਿ ਰੁਤਿ ਆਏ॥ ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥ ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥ ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥ ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥੯॥

# ਜੁਲਾਈ-ਅਗਸਤ 2026

## ਸਾਵਣ

ਸੰਗਰਾਂਦ – ੦੧ ਸਾਵਣ / 16 ਜੁਲਾਈ
ਪੂਰਨਮਾਸੀ – ੧੪ ਸਾਵਣ / 29 ਜੁਲਾਈ
ਮੱਸਿਆ – ੨੮ ਸਾਵਣ / 12 ਅਗਸਤ

| | | | | | |
|---|---|---|---|---|---|
| ਐਤਵਾਰ Sunday | ੩੨<br>16 ਅਗਸਤ<br>ਸਾਵਣ ਸੁਦੀ ੪ | ੪<br>19 ਜੁਲਾਈ<br>ਹਾੜ ਸੁਦੀ ੬ | ੧੧<br>26 ਜੁਲਾਈ<br>ਹਾੜ ਸੁਦੀ ੧੨ | ੧੮<br>2 ਅਗਸਤ<br>ਸਾਵਣ ਵਦੀ ੪ | ੨੫<br>9 ਅਗਸਤ<br>ਸਾਵਣ ਵਦੀ ੧੧ |
| ਸੋਮਵਾਰ Monday | | ੫<br>20 ਜੁਲਾਈ<br>ਹਾੜ ਸੁਦੀ ੭ | ੧੨<br>27 ਜੁਲਾਈ<br>ਹਾੜ ਸੁਦੀ ੧੩ | ੧੯<br>3 ਅਗਸਤ<br>ਸਾਵਣ ਵਦੀ ੫ | ੨੬<br>10 ਅਗਸਤ<br>ਸਾਵਣ ਵਦੀ ੧੨-੧੩ |
| ਮੰਗਲਵਾਰ Tuesday | | ੬<br>21 ਜੁਲਾਈ<br>ਹਾੜ ਸੁਦੀ ੮ | ੧੩<br>28 ਜੁਲਾਈ<br>ਹਾੜ ਸੁਦੀ ੧੪ | ੨੦<br>4 ਅਗਸਤ<br>ਸਾਵਣ ਵਦੀ ੬ | ੨੭<br>11 ਅਗਸਤ<br>ਸਾਵਣ ਵਦੀ ੧੪ |
| ਬੁੱਧਵਾਰ Wednesday | | ੭<br>22 ਜੁਲਾਈ<br>ਹਾੜ ਸੁਦੀ ੯ | ੧੪<br>29 ਜੁਲਾਈ<br>ਹਾੜ ਸੁਦੀ ੧੫<br>ਪੂਰਨਮਾਸੀ | ੨੧<br>5 ਅਗਸਤ<br>ਸਾਵਣ ਵਦੀ ੭ | ੨੮<br>12 ਅਗਸਤ<br>ਸਾਵਣ ਵਦੀ ੧੫<br>ਮੱਸਿਆ |
| ਵੀਰਵਾਰ Thursday | ੧<br>16 ਜੁਲਾਈ<br>ਹਾੜ ਸੁਦੀ ੨ | ੮<br>23 ਜੁਲਾਈ<br>ਹਾੜ ਸੁਦੀ ੯ | ੧੫<br>30 ਜੁਲਾਈ<br>ਸਾਵਣ ਵਦੀ ੧ | ੨੨<br>6 ਅਗਸਤ<br>ਸਾਵਣ ਵਦੀ ੮ | ੨੯<br>13 ਅਗਸਤ<br>ਸਾਵਣ ਸੁਦੀ ੧ |
| ਸ਼ੁੱਕਰਵਾਰ Friday | ੨<br>17 ਜੁਲਾਈ<br>ਹਾੜ ਸੁਦੀ ੩-੪ | ੯<br>24 ਜੁਲਾਈ<br>ਹਾੜ ਸੁਦੀ ੧੦ | ੧੬<br>31 ਜੁਲਾਈ<br>ਸਾਵਣ ਵਦੀ ੨ | ੨੩<br>7 ਅਗਸਤ<br>ਸਾਵਣ ਵਦੀ ੯ | ੩੦<br>14 ਅਗਸਤ<br>ਸਾਵਣ ਸੁਦੀ ੨ |
| ਸ਼ਨਿੱਚਰਵਾਰ Saturday | ੩<br>18 ਜੁਲਾਈ<br>ਹਾੜ ਸੁਦੀ ੫ | ੧੦<br>25 ਜੁਲਾਈ<br>ਹਾੜ ਸੁਦੀ ੧੧ | ੧੭<br>1 ਅਗਸਤ<br>ਸਾਵਣ ਵਦੀ ੩ | ੨੪<br>8 ਅਗਸਤ<br>ਸਾਵਣ ਵਦੀ ੧੦ | ੩੧<br>15 ਅਗਸਤ<br>ਸਾਵਣ ਸੁਦੀ ੩ |

## ਗੁਰਪੁਰਬ

ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ — ੨੩ ਸਾਵਣ

## ਇਤਿਹਾਸਕ ਦਿਹਾੜੇ

ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ — ੦੧ ਸਾਵਣ
ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ — ੦੯ ਸਾਵਣ
ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) — ੨੪ ਸਾਵਣ

## ਸਰਕਾਰੀ ਛੁੱਟੀਆਂ ਤੇ ਹੋਰ ਦਿਹਾੜੇ

ਸ਼ਹੀਦੀ ਦਿਹਾੜਾ ਸ. ਊਧਮ ਸਿੰਘ — ੧੬ ਸਾਵਣ
ਭਾਰਤ ਦਾ ਅਜ਼ਾਦੀ ਦਿਵਸ — ੩੧ ਸਾਵਣ
੧੯੪੭ ਵਿਚ ਪੰਜਾਬ ਦੀ ਵੰਡ ਸਮੇਂ ਹੋਏ ਕਤਲੇਆਮ ਵਿਚ ਮਾਰੇ ਗਏ ਪੰਜਾਬੀਆਂ ਲਈ ਅਰਦਾਸ ਦਿਹਾੜਾ — ੩੨ ਸਾਵਣ

## ਅੰਮ੍ਰਿਤ ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ !

## ਫ਼ਿਲਮ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਆਧੁਨਿਕ ਤਕਨੀਕ ਨੂੰ ਅਪਨਾਉਂਦਿਆਂ ਸਿੱਖੀ ਦੇ ਪ੍ਰਚਾਰ-ਪਸਾਰ ਲਈ ਫ਼ਿਲਮਾਂ ਵਿਖਾਉਣ ਵਾਲੀਆਂ ਗੱਡੀਆਂ ਤਿਆਰ ਕਰਵਾਈਆਂ ਗਈਆਂ ਹਨ। ਇਨ੍ਹਾਂ ਗੱਡੀਆਂ ਰਾਹੀਂ ਵੱਖ-ਵੱਖ ਪਿੰਡਾਂ / ਸ਼ਹਿਰਾਂ ਵਿਚ ਜਾ ਕੇ ਸਿੱਖੀ ਦੇ ਪ੍ਰਚਾਰ ਹਿੱਤ ਫ਼ਿਲਮਾਂ ਵਿਖਾਈਆਂ ਜਾਂਦੀਆਂ ਹਨ। ਸੰਗਤ ਦੀ ਮੰਗ 'ਤੇ ਇਨ੍ਹਾਂ ਗੱਡੀਆਂ ਰਾਹੀਂ ਭਾਰਤ ਦੇ ਦੂਰ-ਦੁਰਾਡੇ ਥਾਵਾਂ 'ਤੇ ਜਾ ਕੇ ਪ੍ਰਚਾਰ ਕੀਤਾ ਜਾਂਦਾ ਹੈ।

## ਬਾਰਹ ਮਾਹਾ ਮਾਂਝ

**ਭਾਦੁਇ** ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥ ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥ ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥ ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥ ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥ ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥੭॥

## ਬਾਰਹ ਮਾਹਾ ਤੁਖਾਰੀ

**ਭਾਦਉ** ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥ ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥ ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥ ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥ ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥ ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥੧੦॥

# ਅਗਸਤ-ਸਤੰਬਰ 2026

## ਭਾਦੋਂ

**ਸੰਗਰਾਂਦ – ੦੧ ਭਾਦੋਂ / 17 ਅਗਸਤ**
**ਪੂਰਨਮਾਸੀ – ੧੨ ਭਾਦੋਂ / 28 ਅਗਸਤ**
**ਮੱਸਿਆ – ੨੬ ਭਾਦੋਂ / 11 ਸਤੰਬਰ**

| | | | | | |
|---|---|---|---|---|---|
| ਐਤਵਾਰ<br>Sunday | | ੭<br>23 ਅਗਸਤ<br>ਸਾਵਣ ਸੁਦੀ ੧੧ | ੧੪<br>30 ਅਗਸਤ<br>ਭਾਦੋਂ ਵਦੀ ੨ | ੨੧<br>6 ਸਤੰਬਰ<br>ਭਾਦੋਂ ਵਦੀ ੧੦ | ੨੮<br>13 ਸਤੰਬਰ<br>ਭਾਦੋਂ ਸੁਦੀ ੨ |
| ਸੋਮਵਾਰ<br>Monday | ੧<br>17 ਅਗਸਤ<br>ਸਾਵਣ ਸੁਦੀ ੫ | ੮<br>24 ਅਗਸਤ<br>ਸਾਵਣ ਸੁਦੀ ੧੨ | ੧੫<br>31 ਅਗਸਤ<br>ਭਾਦੋਂ ਵਦੀ ੩ | ੨੨<br>7 ਸਤੰਬਰ<br>ਭਾਦੋਂ ਵਦੀ ੧੧ | ੨੯<br>14 ਸਤੰਬਰ<br>ਭਾਦੋਂ ਸੁਦੀ ੩ |
| ਮੰਗਲਵਾਰ<br>Tuesday | ੨<br>18 ਅਗਸਤ<br>ਸਾਵਣ ਸੁਦੀ ੬ | ੯<br>25 ਅਗਸਤ<br>ਸਾਵਣ ਸੁਦੀ ੧੨ | ੧੬<br>1 ਸਤੰਬਰ<br>ਭਾਦੋਂ ਵਦੀ ੪ | ੨੩<br>8 ਸਤੰਬਰ<br>ਭਾਦੋਂ ਵਦੀ ੧੨ | ੩੦<br>15 ਸਤੰਬਰ<br>ਭਾਦੋਂ ਸੁਦੀ ੪ |
| ਬੁੱਧਵਾਰ<br>Wednesday | ੩<br>19 ਅਗਸਤ<br>ਸਾਵਣ ਸੁਦੀ ੭ | ੧੦<br>26 ਅਗਸਤ<br>ਸਾਵਣ ਸੁਦੀ ੧੩ | ੧੭<br>2 ਸਤੰਬਰ<br>ਭਾਦੋਂ ਵਦੀ ੫-੬ | ੨੪<br>9 ਸਤੰਬਰ<br>ਭਾਦੋਂ ਵਦੀ ੧੩ | ੩੧<br>16 ਸਤੰਬਰ<br>ਭਾਦੋਂ ਸੁਦੀ ੫ |
| ਵੀਰਵਾਰ<br>Thursday | ੪<br>20 ਅਗਸਤ<br>ਸਾਵਣ ਸੁਦੀ ੮ | ੧੧<br>27 ਅਗਸਤ<br>ਸਾਵਣ ਸੁਦੀ ੧੪ | ੧੮<br>3 ਸਤੰਬਰ<br>ਭਾਦੋਂ ਵਦੀ ੭ | ੨੫<br>10 ਸਤੰਬਰ<br>ਭਾਦੋਂ ਵਦੀ ੧੪ | |
| ਸ਼ੁੱਕਰਵਾਰ<br>Friday | ੫<br>21 ਅਗਸਤ<br>ਸਾਵਣ ਸੁਦੀ ੯ | ੧੨<br>28 ਅਗਸਤ<br>ਸਾਵਣ ਸੁਦੀ ੧੫<br>ਪੂਰਨਮਾਸੀ | ੧੯<br>4 ਸਤੰਬਰ<br>ਭਾਦੋਂ ਵਦੀ ੮ | ੨੬<br>11 ਸਤੰਬਰ<br>ਭਾਦੋਂ ਵਦੀ ੧੫<br>ਮੱਸਿਆ | |
| ਸ਼ਨਿੱਚਰਵਾਰ<br>Saturday | ੬<br>22 ਅਗਸਤ<br>ਸਾਵਣ ਸੁਦੀ ੧੦ | ੧੩<br>29 ਅਗਸਤ<br>ਭਾਦੋਂ ਵਦੀ ੧ | ੨੦<br>5 ਸਤੰਬਰ<br>ਭਾਦੋਂ ਵਦੀ ੯ | ੨੭<br>12 ਸਤੰਬਰ<br>ਭਾਦੋਂ ਸੁਦੀ ੧ | |

## ਗੁਰਪੁਰਬ

| | |
|---|---|
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੪ ਭਾਦੋਂ |
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੨੭ ਭਾਦੋਂ |
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੨੮ ਭਾਦੋਂ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | ੨੯ ਭਾਦੋਂ |

## ਇਤਿਹਾਸਕ ਦਿਹਾੜੇ

| | |
|---|---|
| ਸ਼ਹੀਦੀ ਦਿਹਾੜਾ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ | ੦੫ ਭਾਦੋਂ |
| ਜੋੜ-ਮੇਲਾ ਬਾਬਾ ਬਕਾਲਾ (ਗੁਰੂ ਲਾਧੋ ਰੇ ਦਿਵਸ) | ੧੨ ਭਾਦੋਂ |
| ਬਰਸੀ ਗਿਆਨੀ ਦਿੱਤ ਸਿੰਘ ਜੀ | ੨੧ ਭਾਦੋਂ |
| ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਮੱਸੇ ਰੰਘੜ ਨੂੰ ਮੌਤ ਦੇ ਘਾਟ ਉਤਾਰਿਆ | ੨੨ ਭਾਦੋਂ |

## ਸੰਥਾ ਸੈਂਚੀਆਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਸੰਥਾ ਸੈਂਚੀਆਂ ਪੰਜਾਬੀ ਅਤੇ ਹਿੰਦੀ ਵਿਚ ਉਪਲਬਧ ਹਨ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦੇ ਲਿਟਰੇਚਰ ਹਾਊਸਾਂ ਜਾਂ ਪਬਲੀਕੇਸ਼ਨ ਵਿਭਾਗ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

### ਭੇਟਾ

| | |
|---|---|
| ਸੰਥਾ ਸੈਂਚੀ-ਭਾਗ ਪਹਿਲਾ ਦਰਮਿਆਨਾ (ਪੰਜਾਬੀ) | ੩੫੦/- |
| ਸੰਥਾ ਸੈਂਚੀ-ਭਾਗ ਦੂਜਾ ਦਰਮਿਆਨਾ (ਪੰਜਾਬੀ) | ੩੭੦/- |
| ਸੰਥਾ ਸੈਂਚੀ-ਭਾਗ ਪਹਿਲਾ ਮੋਟੇ ਅੱਖਰ (ਪੰਜਾਬੀ) | ੫੦੦/- |
| ਸੰਥਾ ਸੈਂਚੀ-ਭਾਗ ਦੂਜਾ ਮੋਟੇ ਅੱਖਰ (ਪੰਜਾਬੀ) | ੫੦੦/- |
| ਸੰਥਾ ਸੈਂਚੀ-ਭਾਗ ਪਹਿਲਾ (ਹਿੰਦੀ) | ੨੩੦/- |
| ਸੰਥਾ ਸੈਂਚੀ-ਭਾਗ ਦੂਜਾ (ਹਿੰਦੀ) | ੨੩੦/- |
| ਸੰਥਾ ਸੈਂਚੀ-ਲੜੀਵਾਰ ਭਾਗ ਪਹਿਲਾ | ੫੨੦/- |
| ਸੰਥਾ ਸੈਂਚੀ-ਲੜੀਵਾਰ ਭਾਗ ਦੂਜਾ | ੫੦੦/- |

## ਬਾਰਹ ਮਾਹਾ ਮਾਂਝ

**ਅਸੁਨਿ** ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥ ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥ ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥ ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥ ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥ ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥ ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥ ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥ ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥

## ਬਾਰਹ ਮਾਹਾ ਤੁਖਾਰੀ

**ਅਸੁਨਿ** ਆਉ ਪਿਰਾ ਸਾ ਧਨ ਝੂਰਿ ਮੁਈ॥ ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ॥ ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ॥ ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥ ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥ ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ॥੧੧॥

# ਸਤੰਬਰ-ਅਕਤੂਬਰ 2026

# ਅੱਸੂ

ਸੰਗਰਾਂਦ – ੦੧ ਅੱਸੂ / 17 ਸਤੰਬਰ
ਪੂਰਨਮਾਸੀ – ੧੦ ਅੱਸੂ / 26 ਸਤੰਬਰ
ਮੱਸਿਆ – ੨੪ ਅੱਸੂ / 10 ਅਕਤੂਬਰ

| | | | | | |
|---|---|---|---|---|---|
| ਐਤਵਾਰ Sunday | | ੪ 20 ਸਤੰਬਰ ਭਾਦੋਂ ਸੁਦੀ ੯ | ੧੧ 27 ਸਤੰਬਰ ਅੱਸੂ ਵਦੀ ੧ | ੧੮ 4 ਅਕਤੂਬਰ ਅੱਸੂ ਵਦੀ ੯ | ੨੫ 11 ਅਕਤੂਬਰ ਅੱਸੂ ਸੁਦੀ ੧ |
| ਸੋਮਵਾਰ Monday | | ੫ 21 ਸਤੰਬਰ ਭਾਦੋਂ ਸੁਦੀ ੧੦ | ੧੨ 28 ਸਤੰਬਰ ਅੱਸੂ ਵਦੀ ੨ | ੧੯ 5 ਅਕਤੂਬਰ ਅੱਸੂ ਵਦੀ ੧੦ | ੨੬ 12 ਅਕਤੂਬਰ ਅੱਸੂ ਸੁਦੀ ੨ |
| ਮੰਗਲਵਾਰ Tuesday | | ੬ 22 ਸਤੰਬਰ ਭਾਦੋਂ ਸੁਦੀ ੧੧ | ੧੩ 29 ਸਤੰਬਰ ਅੱਸੂ ਵਦੀ ੩ | ੨੦ 6 ਅਕਤੂਬਰ ਅੱਸੂ ਵਦੀ ੧੧ | ੨੭ 13 ਅਕਤੂਬਰ ਅੱਸੂ ਸੁਦੀ ੩ |
| ਬੁੱਧਵਾਰ Wednesday | | ੭ 23 ਸਤੰਬਰ ਭਾਦੋਂ ਸੁਦੀ ੧੨ | ੧੪ 30 ਸਤੰਬਰ ਅੱਸੂ ਵਦੀ ੪ | ੨੧ 7 ਅਕਤੂਬਰ ਅੱਸੂ ਵਦੀ ੧੨ | ੨੮ 14 ਅਕਤੂਬਰ ਅੱਸੂ ਸੁਦੀ ੪ |
| ਵੀਰਵਾਰ Thursday | ੧ 17 ਸਤੰਬਰ ਭਾਦੋਂ ਸੁਦੀ ੬ | ੮ 24 ਸਤੰਬਰ ਭਾਦੋਂ ਸੁਦੀ ੧੩ | ੧੫ 1 ਅਕਤੂਬਰ ਅੱਸੂ ਵਦੀ ੫ | ੨੨ 8 ਅਕਤੂਬਰ ਅੱਸੂ ਵਦੀ ੧੩ | ੨੯ 15 ਅਕਤੂਬਰ ਅੱਸੂ ਸੁਦੀ ੫ |
| ਸ਼ੁੱਕਰਵਾਰ Friday | ੨ 18 ਸਤੰਬਰ ਭਾਦੋਂ ਸੁਦੀ ੭ | ੯ 25 ਸਤੰਬਰ ਭਾਦੋਂ ਸੁਦੀ ੧੪ | ੧੬ 2 ਅਕਤੂਬਰ ਅੱਸੂ ਵਦੀ ੬ | ੨੩ 9 ਅਕਤੂਬਰ ਅੱਸੂ ਵਦੀ ੧੪ | ੩੦ 16 ਅਕਤੂਬਰ ਅੱਸੂ ਸੁਦੀ ੬ |
| ਸ਼ਨਿੱਚਰਵਾਰ Saturday | ੩ 19 ਸਤੰਬਰ ਭਾਦੋਂ ਸੁਦੀ ੮ | ੧੦ 26 ਸਤੰਬਰ ਭਾਦੋਂ ਸੁਦੀ ੧੫ ਪੂਰਨਮਾਸੀ | ੧੭ 3 ਅਕਤੂਬਰ ਅੱਸੂ ਵਦੀ ੭-੮ | ੨੪ 10 ਅਕਤੂਬਰ ਅੱਸੂ ਵਦੀ ੧੫ ਮੱਸਿਆ | |

## ਗੁਰਪੁਰਬ

ਗੁਰਿਆਈ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ੦੮ ਅੱਸੂ
ਜੋਤੀ-ਜੋਤਿ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ
(ਜੋੜ-ਮੇਲਾ ਗੋਇੰਦਵਾਲ ਸਾਹਿਬ) ੧੦ ਅੱਸੂ
ਗੁਰਿਆਈ ਦਿਵਸ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ੧੫ ਅੱਸੂ
ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ੧੯ ਅੱਸੂ

## ਇਤਿਹਾਸਕ ਦਿਹਾੜੇ

ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ
(ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਬਟਾਲਾ) ੦੨ ਅੱਸੂ
ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ ੦੪ ਅੱਸੂ
ਜੋੜ-ਮੇਲਾ ਬਾਬਾ ਬੁੱਢਾ ਜੀ (ਰਮਦਾਸ) ੧੪ ਅੱਸੂ
ਸਿੰਘ ਸਭਾ ਲਹਿਰ ਦਾ ਸਥਾਪਨਾ ਦਿਵਸ ੧੫ ਅੱਸੂ
ਜੋੜ-ਮੇਲਾ ਬੀੜ ਬਾਬਾ ਬੁੱਢਾ ਜੀ (ਠੱਠਾ) ੨੧-੨੨ ਅੱਸੂ
ਸ਼ਹੀਦੀ ਦਿਹਾੜਾ ਭਾਈ ਸੁਖਦੇਵ ਸਿੰਘ ਜੀ (ਸੁੱਖਾ) ਅਤੇ
ਭਾਈ ਹਰਜਿੰਦਰ ਸਿੰਘ ਜੀ (ਜਿੰਦਾ) ੨੩ ਅੱਸੂ
ਜਨਮ ਦਿਹਾੜਾ ਭਾਈ ਤਾਰੂ ਸਿੰਘ ਜੀ ੨੪ ਅੱਸੂ

## ਸ੍ਰੀ ਹਰਿਮੰਦਰ ਸਾਹਿਬ ਵਿਖੇ ਜਲੌ

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਹੇਠ ਲਿਖੇ ਗੁਰਪੁਰਬਾਂ 'ਤੇ ਜਲੌ, ਦੀਪਮਾਲਾ, ਆਤਿਸ਼ਬਾਜ਼ੀ ਕੀਤੀ ਜਾਂਦੀ ਹੈ:

* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਜੀ
* ਗੁਰਿਆਈ ਦਿਵਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
* ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ
* ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

## ਬਾਰਹ ਮਾਹਾ ਮਾਂਝ

**ਕਤਿਕਿ** ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥ ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥ ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥ ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥ ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥ ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥ ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥ ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥ ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥੯॥

## ਬਾਰਹ ਮਾਹਾ ਤੁਖਾਰੀ

**ਕਤਕਿ** ਕਿਰਤੁ ਪਇਆ ਜੋ ਪ੍ਰਭ ਭਾਇਆ॥ ਦੀਪਕੁ ਸਹਜਿ ਬਲੈ ਤਤਿ ਜਲਾਇਆ॥ ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ॥ ਅਵਗਣ ਮਾਰੀ ਮਰੈ ਨ ਸੀਝੈ ਗੁਣਿ ਮਾਰੀ ਤਾ ਮਰਸੀ॥ ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ॥ ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥੧੨॥

# ਅਕਤੂਬਰ-ਨਵੰਬਰ 2026

## ਕੱਤਕ

ਸੰਗਰਾਂਦ – ੦੧ ਕੱਤਕ / 17 ਅਕਤੂਬਰ
ਪੂਰਨਮਾਸੀ – ੧੦ ਕੱਤਕ / 26 ਅਕਤੂਬਰ
ਮੱਸਿਆ – ੨੪ ਕੱਤਕ / 09 ਨਵੰਬਰ

| | | | | | |
|---|---|---|---|---|---|
| ਐਤਵਾਰ Sunday | ੩੦ 15 ਨਵੰਬਰ ਕੱਤਕ ਸੁਦੀ ੬ | ੨ 18 ਅਕਤੂਬਰ ਅੱਸੂ ਸੁਦੀ ੭ | ੯ 25 ਅਕਤੂਬਰ ਅੱਸੂ ਸੁਦੀ ੧੪ | ੧੬ 1 ਨਵੰਬਰ ਕੱਤਕ ਵਦੀ ੭ | ੨੩ 8 ਨਵੰਬਰ ਕੱਤਕ ਵਦੀ ੧੪ |
| ਸੋਮਵਾਰ Monday | | ੩ 19 ਅਕਤੂਬਰ ਅੱਸੂ ਸੁਦੀ ੮ | ੧੦ 26 ਅਕਤੂਬਰ ਅੱਸੂ ਸੁਦੀ ੧੫ ਪੂਰਨਮਾਸੀ | ੧੭ 2 ਨਵੰਬਰ ਕੱਤਕ ਵਦੀ ੮ | ੨੪ 9 ਨਵੰਬਰ ਕੱਤਕ ਵਦੀ ੧੫ ਮੱਸਿਆ |
| ਮੰਗਲਵਾਰ Tuesday | | ੪ 20 ਅਕਤੂਬਰ ਅੱਸੂ ਸੁਦੀ ੯ | ੧੧ 27 ਅਕਤੂਬਰ ਕੱਤਕ ਵਦੀ ੧-੨ | ੧੮ 3 ਨਵੰਬਰ ਕੱਤਕ ਵਦੀ ੯ | ੨੫ 10 ਨਵੰਬਰ ਕੱਤਕ ਸੁਦੀ ੧ |
| ਬੁੱਧਵਾਰ Wednesday | | ੫ 21 ਅਕਤੂਬਰ ਅੱਸੂ ਸੁਦੀ ੧੦ | ੧੨ 28 ਅਕਤੂਬਰ ਕੱਤਕ ਵਦੀ ੩ | ੧੯ 4 ਨਵੰਬਰ ਕੱਤਕ ਵਦੀ ੧੦ | ੨੬ 11 ਨਵੰਬਰ ਕੱਤਕ ਸੁਦੀ ੨ |
| ਵੀਰਵਾਰ Thursday | | ੬ 22 ਅਕਤੂਬਰ ਅੱਸੂ ਸੁਦੀ ੧੧ | ੧੩ 29 ਅਕਤੂਬਰ ਕੱਤਕ ਵਦੀ ੪ | ੨੦ 5 ਨਵੰਬਰ ਕੱਤਕ ਵਦੀ ੧੧ | ੨੭ 12 ਨਵੰਬਰ ਕੱਤਕ ਸੁਦੀ ੩ |
| ਸ਼ੁੱਕਰਵਾਰ Friday | | ੭ 23 ਅਕਤੂਬਰ ਅੱਸੂ ਸੁਦੀ ੧੨ | ੧੪ 30 ਅਕਤੂਬਰ ਕੱਤਕ ਵਦੀ ੫ | ੨੧ 6 ਨਵੰਬਰ ਕੱਤਕ ਵਦੀ ੧੨ | ੨੮ 13 ਨਵੰਬਰ ਕੱਤਕ ਸੁਦੀ ੪ |
| ਸ਼ਨਿੱਚਰਵਾਰ Saturday | ੧ 17 ਅਕਤੂਬਰ ਅੱਸੂ ਸੁਦੀ ੭ | ੮ 24 ਅਕਤੂਬਰ ਅੱਸੂ ਸੁਦੀ ੧੩ | ੧੫ 31 ਅਕਤੂਬਰ ਕੱਤਕ ਵਦੀ ੬ | ੨੨ 7 ਨਵੰਬਰ ਕੱਤਕ ਵਦੀ ੧੩ | ੨੯ 14 ਨਵੰਬਰ ਕੱਤਕ ਸੁਦੀ ੫ |

## ਗੁਰਪੁਰਬ

| | | |
|---|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | ੧੧ | ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੧੮ | ਕੱਤਕ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੧੮ | ਕੱਤਕ |
| ਗੁਰਿਆਈ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੨੬ | ਕੱਤਕ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | ੨੯ | ਕੱਤਕ |

## ਇਤਿਹਾਸਕ ਦਿਹਾੜੇ

| | | |
|---|---|---|
| ਅਜਲਾਸ ਖ਼ਾਲਸਾ ਦਰਬਾਰ (ਦੁਸਹਿਰਾ) | ੦੪ | ਕੱਤਕ |
| ਜਨਮ ਦਿਹਾੜਾ ਸੰਤ ਗਿਆਨੀ ਕਰਤਾਰ ਸਿੰਘ ਜੀ ਭਿੰਡਰਾਂਵਾਲੇ | ੦੫ | ਕੱਤਕ |
| ਜਨਮ ਦਿਹਾੜਾ ਬਾਬਾ ਬੁੱਢਾ ਜੀ (ਕੱਥੂਨੰਗਲ) | ੦੭ | ਕੱਤਕ |
| ਅਕਾਲ ਚਲਾਣਾ ਸਰਦਾਰ ਜੱਸਾ ਸਿੰਘ ਆਹਲੂਵਾਲੀਆ | ੦੭ | ਕੱਤਕ |
| ਸਾਕਾ ਪੰਜਾ ਸਾਹਿਬ (ਪਾਕਿਸਤਾਨ) | ੧੪ | ਕੱਤਕ |
| ਸ਼ਹੀਦੀ ਦਿਹਾੜਾ ਭਾਈ ਬੇਅੰਤ ਸਿੰਘ ਜੀ | ੧੫ | ਕੱਤਕ |
| ਜਨਮ ਦਿਹਾੜਾ ਮਾਤਾ ਸਾਹਿਬ ਕੌਰ ਜੀ | ੧੮ | ਕੱਤਕ |
| ਬੰਦੀ ਛੋੜ ਦਿਵਸ (ਦੀਵਾਲੀ) | ੨੩ | ਕੱਤਕ |
| ਸ਼ਹੀਦੀ ਦਿਹਾੜਾ ਬਾਬਾ ਦੀਪ ਸਿੰਘ ਜੀ | ੩੦ | ਕੱਤਕ |
| ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ | ੩੦ | ਕੱਤਕ |

## ਸਰਕਾਰੀ ਛੁੱਟੀਆਂ

| | | |
|---|---|---|
| ਪੰਜਾਬੀ ਸੂਬਾ ਦਿਵਸ | ੧੬ | ਕੱਤਕ |

## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨਾ ਜੀ ਤਾਂ ਕਿ ਸਿੱਖ ਸਾਹਿਤ ਦੇ ਅਨਮੋਲ ਖਜ਼ਾਨੇ ਨੂੰ ਹੋਰ ਅਮੀਰ ਬਣਾਇਆ ਜਾ ਸਕੇ।

## ਬਾਰਹ ਮਾਹਾ ਮਾਂਝ

**ਮੰਘਿਰਿ** ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ॥ ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥ ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥ ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥ ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥ ਜਿਨੀ ਰਾਵਿਆ ਪ੍ਰਭੁ ਆਪਨਾ ਸੇ ਦਿਸਨਿ ਨਿਤ ਖੜੀਆਹ॥ ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥ ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥ ਮੰਘਿਰਿ ਪ੍ਰਭੁ ਆਰਾਧਨਾ ਬਹੁੜਿ ਨ ਜਨਮੜੀਆਹ॥੧੦॥

## ਬਾਰਹ ਮਾਹਾ ਤੁਖਾਰੀ

**ਮੰਘਰ** ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ॥ ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ॥ ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥ ਗਿਆਨੁ ਧਿਆਨੁ ਗੁਣ ਅੰਕਿ ਸਮਾਨੇ ਪ੍ਰਭ ਭਾਣੇ ਤਾ ਭਾਇਆ॥ ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ॥ ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ॥੧੩॥

# ਨਵੰਬਰ-ਦਸੰਬਰ 2026

## ਮੱਘਰ

ਸੰਗਰਾਂਦ – ੦੧ ਮੱਘਰ / 16 ਨਵੰਬਰ
ਪੂਰਨਮਾਸੀ – ੦੯ ਮੱਘਰ / 24 ਨਵੰਬਰ
ਮੱਸਿਆ – ੨੩ ਮੱਘਰ / 08 ਦਸੰਬਰ

| | | | | | |
|---|---|---|---|---|---|
| ਐਤਵਾਰ Sunday | | ੭<br>22 ਨਵੰਬਰ<br>ਕੱਤਕ ਸੁਦੀ ੧੩ | ੧੪<br>29 ਨਵੰਬਰ<br>ਮੱਘਰ ਵਦੀ ੬ | ੨੧<br>6 ਦਸੰਬਰ<br>ਮੱਘਰ ਵਦੀ ੧੩ | ੨੮<br>13 ਦਸੰਬਰ<br>ਮੱਘਰ ਸੁਦੀ ੪ |
| ਸੋਮਵਾਰ Monday | ੧<br>16 ਨਵੰਬਰ<br>ਕੱਤਕ ਸੁਦੀ ੭ | ੮<br>23 ਨਵੰਬਰ<br>ਕੱਤਕ ਸੁਦੀ ੧੪ | ੧੫<br>30 ਨਵੰਬਰ<br>ਮੱਘਰ ਵਦੀ ੭ | ੨੨<br>7 ਦਸੰਬਰ<br>ਮੱਘਰ ਵਦੀ ੧੪ | ੨੯<br>14 ਦਸੰਬਰ<br>ਮੱਘਰ ਸੁਦੀ ੫ |
| ਮੰਗਲਵਾਰ Tuesday | ੨<br>17 ਨਵੰਬਰ<br>ਕੱਤਕ ਸੁਦੀ ੮ | ੯<br>24 ਨਵੰਬਰ<br>ਕੱਤਕ ਸੁਦੀ ੧੫<br>ਪੂਰਨਮਾਸੀ | ੧੬<br>1 ਦਸੰਬਰ<br>ਮੱਘਰ ਵਦੀ ੮ | ੨੩<br>8 ਦਸੰਬਰ<br>ਮੱਘਰ ਵਦੀ ੧੫<br>ਮੱਸਿਆ | ੩੦<br>15 ਦਸੰਬਰ<br>ਮੱਘਰ ਸੁਦੀ ੬ |
| ਬੁੱਧਵਾਰ Wednesday | ੩<br>18 ਨਵੰਬਰ<br>ਕੱਤਕ ਸੁਦੀ ੯ | ੧੦<br>25 ਨਵੰਬਰ<br>ਮੱਘਰ ਵਦੀ ੧ | ੧੭<br>2 ਦਸੰਬਰ<br>ਮੱਘਰ ਵਦੀ ੯ | ੨੪<br>9 ਦਸੰਬਰ<br>ਮੱਘਰ ਸੁਦੀ ੧ | |
| ਵੀਰਵਾਰ Thursday | ੪<br>19 ਨਵੰਬਰ<br>ਕੱਤਕ ਸੁਦੀ ੯ | ੧੧<br>26 ਨਵੰਬਰ<br>ਮੱਘਰ ਵਦੀ ੨ | ੧੮<br>3 ਦਸੰਬਰ<br>ਮੱਘਰ ਵਦੀ ੧੦ | ੨੫<br>10 ਦਸੰਬਰ<br>ਮੱਘਰ ਸੁਦੀ ੧ | |
| ਸ਼ੁੱਕਰਵਾਰ Friday | ੫<br>20 ਨਵੰਬਰ<br>ਕੱਤਕ ਸੁਦੀ ੧੦-੧੧ | ੧੨<br>27 ਨਵੰਬਰ<br>ਮੱਘਰ ਵਦੀ ੩-੪ | ੧੯<br>4 ਦਸੰਬਰ<br>ਮੱਘਰ ਵਦੀ ੧੧ | ੨੬<br>11 ਦਸੰਬਰ<br>ਮੱਘਰ ਸੁਦੀ ੨ | |
| ਸ਼ਨਿੱਚਰਵਾਰ Saturday | ੬<br>21 ਨਵੰਬਰ<br>ਕੱਤਕ ਸੁਦੀ ੧੨ | ੧੩<br>28 ਨਵੰਬਰ<br>ਮੱਘਰ ਵਦੀ ੫ | ੨੦<br>5 ਦਸੰਬਰ<br>ਮੱਘਰ ਵਦੀ ੧੨ | ੨੭<br>12 ਦਸੰਬਰ<br>ਮੱਘਰ ਸੁਦੀ ੩ | |

## ਗੁਰਪੁਰਬ

| | |
|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | ੦੯ ਮੱਘਰ |
| ਗੁਰਿਆਈ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | ੨੭ ਮੱਘਰ |
| ਸ਼ਹੀਦੀ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੨੯ ਮੱਘਰ |

## ਇਤਿਹਾਸਕ ਦਿਹਾੜੇ

| | |
|---|---|
| ਸ਼ਹੀਦੀ ਦਿਹਾੜਾ ਸ. ਕਰਤਾਰ ਸਿੰਘ ਜੀ ਸਰਾਭਾ | ੦੧ ਮੱਘਰ |
| ਅਕਾਲ ਚਲਾਣਾ ਭਾਈ ਮਰਦਾਨਾ ਜੀ | ੧੩ ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ | ੧੫ ਮੱਘਰ |
| ਸ਼ਹੀਦੀ ਦਿਹਾੜਾ ਬਾਬਾ ਗੁਰਬਖਸ਼ ਸਿੰਘ ਜੀ | ੧੯ ਮੱਘਰ |
| ਸ਼ਹੀਦੀ ਦਿਹਾੜਾ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ | ੨੮ ਮੱਘਰ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਫ਼ਤਿਹ ਸਿੰਘ ਜੀ | ੨੯ ਮੱਘਰ |
| ਸਥਾਪਨਾ ਦਿਵਸ ਸ਼੍ਰੋਮਣੀ ਅਕਾਲੀ ਦਲ | ੨੯ ਮੱਘਰ |

## ਭਗਤ ਸਾਹਿਬਾਨ

| | |
|---|---|
| ਜਨਮ ਦਿਹਾੜਾ ਭਗਤ ਨਾਮਦੇਵ ਜੀ | ੦੫ ਮੱਘਰ |

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਚਲਾਏ ਜਾ ਰਹੇ ਪ੍ਰਚਾਰ ਮਿਸ਼ਨ

੧. ਸਿੱਖ ਮਿਸ਼ਨ ਜੰਮੂ-ਕਸ਼ਮੀਰ, ਜੰਮੂ
੨. ਸਿੱਖ ਮਿਸ਼ਨ ਪੱਛਮੀ ਬੰਗਾਲ, ਕਲਕੱਤਾ
੩. ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼
੪. ਸਿੱਖ ਮਿਸ਼ਨ ਉੱਤਰਾਖੰਡ, ਕਾਸ਼ੀਪੁਰ
੫. ਸਿੱਖ ਮਿਸ਼ਨ ਛੱਤੀਸਗੜ੍ਹ, ਰਾਏਪੁਰ
੬. ਸਿੱਖ ਮਿਸ਼ਨ ਯੂ.ਪੀ., ਹਾਪੜ
੭. ਸਿੱਖ ਮਿਸ਼ਨ ਕੁਰੂਕਸ਼ੇਤਰ, ਹਰਿਆਣਾ
੮. ਸਿੱਖ ਮਿਸ਼ਨ ਦਿੱਲੀ
੯. ਸਿੱਖ ਮਿਸ਼ਨ ਅਹਿਮਦਾਬਾਦ, ਗੁਜਰਾਤ-ਰਾਜਸਥਾਨ
੧੦. ਸਿੱਖ ਮਿਸ਼ਨ ਮੱਧ ਪ੍ਰਦੇਸ਼, ਉਜੈਨ
੧੧. ਸਿੱਖ ਮਿਸ਼ਨ ਰਾਜਸਥਾਨ, ਗੰਗਾਨਗਰ
੧੨. ਸਿੱਖ ਮਿਸ਼ਨ ਆਂਧਰਾ ਪ੍ਰਦੇਸ਼
੧੩. ਸਿੱਖ ਮਿਸ਼ਨ ਨੇਪਾਲ, ਕਾਠਮੰਡੂ
੧੪. ਸਿੱਖ ਮਿਸ਼ਨ ਮਹਾਰਾਸ਼ਟਰ, ਨਾਗਪੁਰ

## ਬਾਰਹ ਮਾਹਾ ਮਾਂਝ

**ਪੋਖਿ** ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥ ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥ ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥ ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥ ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥ ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥੧੧॥

## ਬਾਰਹ ਮਾਹਾ ਤੁਖਾਰੀ

**ਪੋਖਿ** ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥ ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥ ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥ ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥ ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥ ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥੧੪॥

# ਦਸੰਬਰ-ਜਨਵਰੀ 2026-27

## ਪੋਹ

ਸੰਗਰਾਂਦ – ੦੧ ਪੋਹ / 16 ਦਸੰਬਰ
ਪੂਰਨਮਾਸੀ – ੦੮ ਪੋਹ / 23 ਦਸੰਬਰ
ਮੱਸਿਆ – ੨੩ ਪੋਹ / 07 ਜਨਵਰੀ

| | | | | | |
|---|---|---|---|---|---|
| ਐਤਵਾਰ<br>Sunday | | ੫<br>20 ਦਸੰਬਰ<br>ਮੱਘਰ ਸੁਦੀ ੧੧ | ੧੨<br>27 ਦਸੰਬਰ<br>ਪੋਹ ਵਦੀ ੪ | ੧੯<br>3 ਜਨਵਰੀ<br>ਪੋਹ ਵਦੀ ੧੧ | ੨੬<br>10 ਜਨਵਰੀ<br>ਪੋਹ ਸੁਦੀ ੩ |
| ਸੋਮਵਾਰ<br>Monday | | ੬<br>21 ਦਸੰਬਰ<br>ਮੱਘਰ ਸੁਦੀ ੧੨ | ੧੩<br>28 ਦਸੰਬਰ<br>ਪੋਹ ਵਦੀ ੫ | ੨੦<br>4 ਜਨਵਰੀ<br>ਪੋਹ ਵਦੀ ੧੨ | ੨੭<br>11 ਜਨਵਰੀ<br>ਪੋਹ ਸੁਦੀ ੩ |
| ਮੰਗਲਵਾਰ<br>Tuesday | | ੭<br>22 ਦਸੰਬਰ<br>ਮੱਘਰ ਸੁਦੀ ੧੩ | ੧੪<br>29 ਦਸੰਬਰ<br>ਪੋਹ ਵਦੀ ੬ | ੨੧<br>5 ਜਨਵਰੀ<br>ਪੋਹ ਵਦੀ ੧੩ | ੨੮<br>12 ਜਨਵਰੀ<br>ਪੋਹ ਸੁਦੀ ੪ |
| ਬੁੱਧਵਾਰ<br>Wednesday | ੧<br>16 ਦਸੰਬਰ<br>ਮੱਘਰ ਸੁਦੀ ੭ | ੮<br>23 ਦਸੰਬਰ<br>ਮੱਘਰ ਸੁਦੀ ੧੪-੧੫<br>ਪੂਰਨਮਾਸੀ | ੧੫<br>30 ਦਸੰਬਰ<br>ਪੋਹ ਵਦੀ ੭ | ੨੨<br>6 ਜਨਵਰੀ<br>ਪੋਹ ਵਦੀ ੧੪ | ੨੯<br>13 ਜਨਵਰੀ<br>ਪੋਹ ਸੁਦੀ ੫ |
| ਵੀਰਵਾਰ<br>Thursday | ੨<br>17 ਦਸੰਬਰ<br>ਮੱਘਰ ਸੁਦੀ ੮ | ੯<br>24 ਦਸੰਬਰ<br>ਪੋਹ ਵਦੀ ੧ | ੧੬<br>31 ਦਸੰਬਰ<br>ਪੋਹ ਵਦੀ ੮ | ੨੩<br>7 ਜਨਵਰੀ<br>ਪੋਹ ਵਦੀ ੧੫<br>ਮੱਸਿਆ | |
| ਸ਼ੁੱਕਰਵਾਰ<br>Friday | ੩<br>18 ਦਸੰਬਰ<br>ਮੱਘਰ ਸੁਦੀ ੯ | ੧੦<br>25 ਦਸੰਬਰ<br>ਪੋਹ ਵਦੀ ੨ | ੧੭<br>1 ਜਨਵਰੀ<br>ਪੋਹ ਵਦੀ ੯ | ੨੪<br>8 ਜਨਵਰੀ<br>ਪੋਹ ਸੁਦੀ ੧ | |
| ਸ਼ਨਿੱਚਰਵਾਰ<br>Saturday | ੪<br>19 ਦਸੰਬਰ<br>ਮੱਘਰ ਸੁਦੀ ੧੦ | ੧੧<br>26 ਦਸੰਬਰ<br>ਪੋਹ ਵਦੀ ੩ | ੧੮<br>2 ਜਨਵਰੀ<br>ਪੋਹ ਵਦੀ ੧੦ | ੨੫<br>9 ਜਨਵਰੀ<br>ਪੋਹ ਸੁਦੀ ੨ | |

## ਇਤਿਹਾਸਕ ਦਿਹਾੜੇ

| | |
|---|---|
| ਸੀਸ ਸਸਕਾਰ ਦਿਵਸ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ | ੦੩ ਪੋਹ |
| ਕਿਲ੍ਹਾ ਸ੍ਰੀ ਅਨੰਦਗੜ੍ਹ ਸਾਹਿਬ ਛੱਡਣਾ | ੦੬ ਪੋਹ |
| ਪਰਿਵਾਰ ਵਿਛੋੜਾ ਸਰਸਾ ਨੰਗਲ | ੦੭ ਪੋਹ |
| ਸ਼ਹੀਦੀ ਦਿਹਾੜਾ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) | ੦੭ ਪੋਹ |
| ਸ਼ਹੀਦੀ ਦਿਹਾੜਾ ਵੱਡੇ ਸਾਹਿਬਜ਼ਾਦੇ ਅਤੇ ਚਮਕੌਰ ਸਾਹਿਬ ਦੇ ਹੋਰ ਸ਼ਹੀਦ | ੦੮ ਪੋਹ |
| ਸ਼ਹੀਦੀ ਦਿਹਾੜਾ ਭਾਈ ਸੰਗਤ ਸਿੰਘ ਜੀ | ੦੯ ਪੋਹ |
| ਸ਼ਹੀਦੀ ਦਿਹਾੜਾ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ | ੧੩ ਪੋਹ |
| ਸ਼ਹੀਦੀ ਦਿਹਾੜਾ ਭਾਈ ਕੇਹਰ ਸਿੰਘ ਤੇ ਭਾਈ ਸਤਵੰਤ ਸਿੰਘ ਜੀ | ੨੨ ਪੋਹ |

## ਧਰਮ ਪ੍ਰਚਾਰ ਕਮੇਟੀ ਵੱਲੋਂ ਚਲਾਏ ਜਾ ਰਹੇ ਧਾਰਮਿਕ ਵਿਦਿਅਕ ਅਦਾਰੇ

੧. ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਸ੍ਰੀ ਅੰਮ੍ਰਿਤਸਰ, ੨. ਗੁਰਮਤਿ ਸੰਗੀਤ ਅਕੈਡਮੀ, ਅਨੰਦਪੁਰ ਸਾਹਿਬ, ੩. ਬੇਬੇ ਨਾਨਕੀ ਮਿਸ਼ਨਰੀ ਕਾਲਜ, ਸੁਲਤਾਨਪੁਰ ਲੋਧੀ, ਕਪੂਰਥਲਾ, ੪. ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ (ਬਠਿੰਡਾ), ੫. ਗੁਰਮਤਿ ਸੰਗੀਤ ਅਕੈਡਮੀ, ਸੇਖੂਪੁਰਾ ਮੰਚੂਰੀ (ਹਰਿਆਣਾ), ੬. ਸੰਤ ਫਤਿਹ ਸਿੰਘ ਚੰਨਣ ਸਿੰਘ ਸਿੱਖ ਮਿਸ਼ਨਰੀ ਕਾਲਜ, ਬੁੱਢਾ ਜੌਹੜ (ਰਾਜਸਥਾਨ), ੭. ਸ਼ਹੀਦ ਸੰਗੀਤ ਵਿਦਿਆਲਾ, ਬਾਦੀਆਂ (ਸ੍ਰੀ ਮੁਕਤਸਰ ਸਾਹਿਬ), ੮. ਗੁਰੂ ਨਾਨਕ ਗੁਰਮਤਿ ਵਿਦਿਆਲਾ, ਡੇਰਾ ਬਾਬਾ ਨਾਨਕ (ਗੁਰਦਾਸਪੁਰ) ੯. ਸ਼ਹੀਦ ਬਾਬਾ ਦੀਪ ਸਿੰਘ ਗੁਰਮਤਿ ਵਿਦਿਆਲਾ, ਬਖਸ਼ੀਵਾਲਾ ਕੋਠੀ (ਬਰਨਾਲਾ), ੧੦. ਸਰਦਾਰ ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ, ਕਾਲਾ ਮੱਲ੍ਹਾ ਛਾਪਾ (ਬਰਨਾਲਾ), ੧੧. ਸੰਤ ਕਰਤਾਰ ਸਿੰਘ ਜੀ ਖਾਲਸਾ ਗੁਰਮਤਿ ਸੰਗੀਤ ਵਿਦਿਆਲਾ, ਭੂਰਾ ਕੋਹਨਾ (ਤਰਨ ਤਾਰਨ), ੧੨. ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਆਲਮਗੀਰ (ਲੁਧਿਆਣਾ), ੧੩. ਭਾਈ ਗੁਰਦਾਸ ਗੁਰਮਤਿ ਵਿਦਿਆਲਾ, ਜੁਬਲੀ ਧਰਮਸ਼ਾਲਾ, ਫਿਰੋਜ਼ਪੁਰ, ੧੪. ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ, ਗੁਰੂ ਕੀ ਵਡਾਲੀ, ਸ੍ਰੀ ਅੰਮ੍ਰਿਤਸਰ, ੧੫. ਬੇਬੇ ਨਾਨਕੀ ਗੁਰਮਤਿ ਸੰਗੀਤ ਅਕੈਡਮੀ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ, ੧੬. ਸ੍ਰੀ ਗੁਰੂ ਰਾਮਦਾਸ ਜੀ ਗੁਰਮਤਿ ਸੰਗੀਤ ਵਿਦਿਆਲਾ, ਸ਼ਾਹਜਹਾਨਪੁਰ (ਯੂ.ਪੀ.), ੧੭. ਸ੍ਰੀ ਗੁਰੂ ਨਾਨਕ ਗੁਰਮਤਿ ਵਿਦਿਆਲਾ ਰਾਏਪੁਰ, ਛੱਤੀਸਗੜ੍ਹ।

## ਬਾਰਹ ਮਾਹਾ ਮਾਂਝ

**ਮਾਘਿ** ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥ ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ॥ ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥ ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥ ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥ ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥ ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ॥ ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥

## ਬਾਰਹ ਮਾਹਾ ਤੁਖਾਰੀ

**ਮਾਘਿ** ਪੁਨੀਤ ਭਈ ਤੀਰਥੁ ਅੰਤਰਿ ਜਾਨਿਆ॥ ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ॥ ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ॥ ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ॥ ਪੁੰਨ ਦਾਨ ਪੂਜਾ ਪਰਮੇਸੁਰ ਜੁਗਿ ਜੁਗਿ ਏਕੋ ਜਾਤਾ॥ ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ॥੧੫॥

# ਜਨਵਰੀ-ਫਰਵਰੀ 2027

## ਮਾਘ

ਸੰਗਰਾਂਦ – ੦੧ ਮਾਘ / 14 ਜਨਵਰੀ
ਪੂਰਨਮਾਸੀ – ੦੯ ਮਾਘ / 22 ਜਨਵਰੀ
ਮੱਸਿਆ – ੨੪ ਮਾਘ / 06 ਫਰਵਰੀ

| | | | | | |
|---|---|---|---|---|---|
| ਐਤਵਾਰ Sunday | | ੪ 17 ਜਨਵਰੀ ਪੋਹ ਸੁਦੀ ੯ | ੧੧ 24 ਜਨਵਰੀ ਮਾਘ ਵਦੀ ੨ | ੧੮ 31 ਜਨਵਰੀ ਮਾਘ ਵਦੀ ੧੦ | ੨੫ 7 ਫਰਵਰੀ ਮਾਘ ਸੁਦੀ ੧ |
| ਸੋਮਵਾਰ Monday | | ੫ 18 ਜਨਵਰੀ ਪੋਹ ਸੁਦੀ ੧੦ | ੧੨ 25 ਜਨਵਰੀ ਮਾਘ ਵਦੀ ੩-੪ | ੧੯ 1 ਫਰਵਰੀ ਮਾਘ ਵਦੀ ੧੦ | ੨੬ 8 ਫਰਵਰੀ ਮਾਘ ਸੁਦੀ ੨ |
| ਮੰਗਲਵਾਰ Tuesday | | ੬ 19 ਜਨਵਰੀ ਪੋਹ ਸੁਦੀ ੧੧-੧੨ | ੧੩ 26 ਜਨਵਰੀ ਮਾਘ ਵਦੀ ੫ | ੨੦ 2 ਫਰਵਰੀ ਮਾਘ ਵਦੀ ੧੧ | ੨੭ 9 ਫਰਵਰੀ ਮਾਘ ਸੁਦੀ ੩ |
| ਬੁੱਧਵਾਰ Wednesday | | ੭ 20 ਜਨਵਰੀ ਪੋਹ ਸੁਦੀ ੧੩ | ੧੪ 27 ਜਨਵਰੀ ਮਾਘ ਵਦੀ ੬ | ੨੧ 3 ਫਰਵਰੀ ਮਾਘ ਵਦੀ ੧੨ | ੨੮ 10 ਫਰਵਰੀ ਮਾਘ ਸੁਦੀ ੪ |
| ਵੀਰਵਾਰ Thursday | ੧ 14 ਜਨਵਰੀ ਪੋਹ ਸੁਦੀ ੬ | ੮ 21 ਜਨਵਰੀ ਪੋਹ ਸੁਦੀ ੧੪ | ੧੫ 28 ਜਨਵਰੀ ਮਾਘ ਵਦੀ ੭ | ੨੨ 4 ਫਰਵਰੀ ਮਾਘ ਵਦੀ ੧੩ | ੨੯ 11 ਫਰਵਰੀ ਮਾਘ ਸੁਦੀ ੫ |
| ਸ਼ੁੱਕਰਵਾਰ Friday | ੨ 15 ਜਨਵਰੀ ਪੋਹ ਸੁਦੀ ੭ | ੯ 22 ਜਨਵਰੀ ਪੋਹ ਸੁਦੀ ੧੫ ਪੂਰਨਮਾਸੀ | ੧੬ 29 ਜਨਵਰੀ ਮਾਘ ਵਦੀ ੮ | ੨੩ 5 ਫਰਵਰੀ ਮਾਘ ਵਦੀ ੧੪ | ੩੦ 12 ਫਰਵਰੀ ਮਾਘ ਸੁਦੀ ੬ |
| ਸ਼ਨਿੱਚਰਵਾਰ Saturday | ੩ 16 ਜਨਵਰੀ ਪੋਹ ਸੁਦੀ ੮ | ੧੦ 23 ਜਨਵਰੀ ਮਾਘ ਵਦੀ ੧ | ੧੭ 30 ਜਨਵਰੀ ਮਾਘ ਵਦੀ ੯ | ੨੪ 6 ਫਰਵਰੀ ਮਾਘ ਵਦੀ ੧੫ ਮੱਸਿਆ | |

## ਗੁਰਪੁਰਬ

| | |
|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ | ੦੨ ਮਾਘ |

## ਇਤਿਹਾਸਕ ਦਿਹਾੜੇ

| | |
|---|---|
| ਨੀਂਹ-ਪੱਥਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਅੰਮ੍ਰਿਤਸਰ) | ੦੧ ਮਾਘ |
| ਜੋੜ-ਮੇਲਾ ਸ੍ਰੀ ਮੁਕਤਸਰ ਸਾਹਿਬ (ਮਾਘੀ) | ੦੧ ਮਾਘ |
| ਚਾਬੀਆਂ ਦਾ ਮੋਰਚਾ (ਸ੍ਰੀ ਅੰਮ੍ਰਿਤਸਰ) | ੦੭ ਮਾਘ |
| ਜਨਮ ਦਿਹਾੜਾ ਬਾਬਾ ਦੀਪ ਸਿੰਘ ਜੀ | ੧੪ ਮਾਘ |
| ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ) | ੨੭ ਮਾਘ |
| ਸ਼ਹੀਦੀ ਦਿਹਾੜਾ ਸ. ਸ਼ਾਮ ਸਿੰਘ ਜੀ ਅਟਾਰੀ | ੨੮ ਮਾਘ |
| ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਗੁਰੂ ਕਾ ਲਾਹੌਰ | ੨੯ ਮਾਘ |
| ਬਸੰਤ ਪੰਚਮੀ | ੨੯ ਮਾਘ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | ੩੦ ਮਾਘ |

## ਲਿਟਰੇਚਰ ਵਿਭਾਗ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਿਟਰੇਚਰ ਵਿਭਾਗ ਬਣਾਇਆ ਹੋਇਆ ਹੈ, ਜਿਸ ਵਿਚ ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ 'ਤੇ ਖੋਜ-ਭਰਪੂਰ ਪੁਸਤਕਾਂ ਅਤੇ ਭੇਟਾ-ਰਹਿਤ ਕਿਤਾਬਚੇ ਸੰਗਤ ਲਈ ਤਿਆਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਸਤਕ ਪ੍ਰਦਰਸ਼ਨੀਆਂ ਲਗਾਉਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਸੰਗਤ ਦੀ ਮੰਗ 'ਤੇ ਇਸ ਵਿਭਾਗ ਵੱਲੋਂ ਪੁਸਤਕ ਪ੍ਰਦਰਸ਼ਨੀ ਵਾਲੀਆਂ ਗੱਡੀਆਂ ਵੀ ਥਾਂ ਪੁਰ ਥਾਂ ਭੇਜੀਆਂ ਜਾਂਦੀਆਂ ਹਨ। ਹਰ ਸਾਲ ਦਾ ਨਾਨਕਸ਼ਾਹੀ ਕੈਲੰਡਰ ਅਤੇ ਡਾਇਰੀ ਵੀ ਇਸ ਵਿਭਾਗ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਫਰਵਰੀ–ਮਾਰਚ 2027

## ਬਾਰਹ ਮਾਹਾ ਮਾਂਝ

**ਫਲਗੁਣਿ** ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥ ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥ ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥ ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥ ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥ ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥ ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥ ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥ ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥ ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩॥

## ਬਾਰਹ ਮਾਹਾ ਤੁਖਾਰੀ

**ਫਲਗੁਨਿ** ਮਨਿ ਰਹਸੀ ਪ੍ਰੇਮੁ ਸੁਭਾਇਆ॥ ਅਨਦਿਨੁ ਰਹਸੁ ਭਇਆ ਆਪੁ ਗਵਾਇਆ॥ ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ॥ ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥ ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥ ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ॥੧੬॥

## ਫੱਗਣ

ਸੰਗਰਾਂਦ – ੦੧ ਫੱਗਣ / 13 ਫਰਵਰੀ
ਪੂਰਨਮਾਸੀ – ੦੮ ਫੱਗਣ / 20 ਫਰਵਰੀ
ਮੱਸਿਆ – ੨੪ ਫੱਗਣ / 08 ਮਾਰਚ

| | | | | | |
|---|---|---|---|---|---|
| ਐਤਵਾਰ Sunday | ੩੦ 14 ਮਾਰਚ ਫੱਗਣ ਸੁਦੀ ੬ | ੨ 14 ਫਰਵਰੀ ਮਾਘ ਸੁਦੀ ੮ | ੯ 21 ਫਰਵਰੀ ਫੱਗਣ ਵਦੀ ੧ | ੧੬ 28 ਫਰਵਰੀ ਫੱਗਣ ਵਦੀ ੮ | ੨੩ 7 ਮਾਰਚ ਫੱਗਣ ਵਦੀ ੧੪ |
| ਸੋਮਵਾਰ Monday | | ੩ 15 ਫਰਵਰੀ ਮਾਘ ਸੁਦੀ ੯ | ੧੦ 22 ਫਰਵਰੀ ਫੱਗਣ ਵਦੀ ੨ | ੧੭ 1 ਮਾਰਚ ਫੱਗਣ ਵਦੀ ੯ | ੨੪ 8 ਮਾਰਚ ਫੱਗਣ ਵਦੀ ੧੫ ਮੱਸਿਆ |
| ਮੰਗਲਵਾਰ Tuesday | | ੪ 16 ਫਰਵਰੀ ਮਾਘ ਸੁਦੀ ੧੦ | ੧੧ 23 ਫਰਵਰੀ ਫੱਗਣ ਵਦੀ ੩ | ੧੮ 2 ਮਾਰਚ ਫੱਗਣ ਵਦੀ ੧੦ | ੨੫ 9 ਮਾਰਚ ਫੱਗਣ ਸੁਦੀ ੧ |
| ਬੁੱਧਵਾਰ Wednesday | | ੫ 17 ਫਰਵਰੀ ਮਾਘ ਸੁਦੀ ੧੧ | ੧੨ 24 ਫਰਵਰੀ ਫੱਗਣ ਵਦੀ ੪ | ੧੯ 3 ਮਾਰਚ ਫੱਗਣ ਵਦੀ ੧੧ | ੨੬ 10 ਮਾਰਚ ਫੱਗਣ ਸੁਦੀ ੨ |
| ਵੀਰਵਾਰ Thursday | | ੬ 18 ਫਰਵਰੀ ਮਾਘ ਸੁਦੀ ੧੨ | ੧੩ 25 ਫਰਵਰੀ ਫੱਗਣ ਵਦੀ ੫ | ੨੦ 4 ਮਾਰਚ ਫੱਗਣ ਵਦੀ ੧੧ | ੨੭ 11 ਮਾਰਚ ਫੱਗਣ ਸੁਦੀ ੩ |
| ਸ਼ੁੱਕਰਵਾਰ Friday | | ੭ 19 ਫਰਵਰੀ ਮਾਘ ਸੁਦੀ ੧੩ | ੧੪ 26 ਫਰਵਰੀ ਫੱਗਣ ਵਦੀ ੬ | ੨੧ 5 ਮਾਰਚ ਫੱਗਣ ਵਦੀ ੧੨ | ੨੮ 12 ਮਾਰਚ ਫੱਗਣ ਸੁਦੀ ੪ |
| ਸ਼ਨਿੱਚਰਵਾਰ Saturday | ੧ 13 ਫਰਵਰੀ ਮਾਘ ਸੁਦੀ ੭ | ੮ 20 ਫਰਵਰੀ ਮਾਘ ਸੁਦੀ ੧੪–੧੫ ਪੂਰਨਮਾਸੀ | ੧੫ 27 ਫਰਵਰੀ ਫੱਗਣ ਵਦੀ ੭ | ੨੨ 6 ਮਾਰਚ ਫੱਗਣ ਵਦੀ ੧੩ | ੨੯ 13 ਮਾਰਚ ਫੱਗਣ ਸੁਦੀ ੫ |

## ਗੁਰਪੁਰਬ

| | | |
|---|---|---|
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੧੭ | ਫੱਗਣ |

## ਇਤਿਹਾਸਕ ਦਿਹਾੜੇ

| | | |
|---|---|---|
| ਸਾਕਾ ਨਨਕਾਣਾ ਸਾਹਿਬ (ਪਾਕਿਸਤਾਨ) | ੦੯ | ਫੱਗਣ |
| ਜੈਤੋ ਦਾ ਮੋਰਚਾ (ਫਰੀਦਕੋਟ) | ੦੯ | ਫੱਗਣ |
| ਸਲਾਨਾ ਜੋੜ ਮੇਲਾ (ਵੱਡੇ ਘੱਲੂਘਾਰੇ) ਦੀ ਯਾਦ ਵਿਚ ਗਹਿਲ, ਬਰਨਾਲਾ | ੧੦–੧੨ | ਫੱਗਣ |
| ਸਲਾਨਾ ਜੋੜ ਮੇਲਾ ਸ੍ਰੀ ਚੋਲਾ ਸਾਹਿਬ (ਡੇਰਾ ਬਾਬਾ ਨਾਨਕ) | ੨੦–੨੨ | ਫੱਗਣ |

## ਭਗਤ ਸਾਹਿਬਾਨ

| | | |
|---|---|---|
| ਜਨਮ ਦਿਹਾੜਾ ਭਗਤ ਰਵਿਦਾਸ ਜੀ (੬੫੦ ਸਾਲਾ) | ੦੮ | ਫੱਗਣ |

## ਪੰਥ–ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ)

ਪੰਥ–ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਚਲਾਇਆ ਜਾ ਰਿਹਾ ਹੈ। ਇਸ ਸੰਸਥਾ ਵਿਚ 'ਬੈਚੁਲਰ ਆਫ਼ ਮੈਨੇਜਮੈਂਟ ਸਟੱਡੀਜ਼ (ਗੁਰਦੁਆਰਾ ਮੈਨੇਜਮੈਂਟ)' ਅਤੇ 'ਬੈਚੁਲਰ ਆਫ਼ ਆਰਟਸ ਇਨ ਗੁਰਮੁਖੀ ਐਜੂਕੇਸ਼ਨ' ਦੇ ਤਿੰਨ ਸਾਲਾ ਕੋਰਸ ਚੱਲ ਰਹੇ ਹਨ। ਇਨ੍ਹਾਂ ਦੋਨੋਂ ਕੋਰਸਾਂ ਲਈ ਯੋਗਤਾ ਕਿਸੇ ਵੀ ਵਿਸ਼ੇ (Any Stream) ਵਿਚ ਘੱਟੋ–ਘੱਟ ੪੫% ਅੰਕਾਂ ਨਾਲ ੧੦+੨ ਪਾਸ ਹੋਵੇ। ਧਰਮ ਪ੍ਰਚਾਰ ਕਮੇਟੀ ਵੱਲੋਂ ਸਿਖਿਆਰਥੀਆਂ ਨੂੰ ੧੫੦੦/– ਰੁਪਏ ਮਹੀਨਾਵਾਰ ਵਜ਼ੀਫਾ ਦਿੱਤਾ ਜਾਂਦਾ ਹੈ। ਸਿਖਿਆਰਥੀਆਂ ਲਈ ਇੰਸਟੀਚਿਊਟ ਦੇ ਕੈਂਪਸ ਵਿਚ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਂਦਾ ਹੈ।